# ਮੈਨੂੰ ਕੀ ਕਰਨਾ ਚਾਹੀਦਾ ਹੈ?

**ਪਹਿਲਾਂ ਤੋਂ ਜਾਰੀ ਡੀ ਵੀ ਓ ਵਾਸਤੇ:** ਇਹ ਯਕੀਨੀ ਬਨਾਉਣ ਲਈ ਕਿ ਤੁਸੀਂ ਸਾਰੇ ਦੇਸ਼ ਵਿੱਚ ਸੁਰੱਖਿਅਤ ਹੋ, ਤੁਸੀਂ ਕਿਸੇ ਸਮੇਂ ਵੀ ਆਪਣੇ ਡੀ ਵੀ ਓ ਦਾ ਐਲਾਨ ਕਰਵਾਉਣ ਦੀ ਚੋਣ ਕਰ ਸਕਦੇ ਹੋ।

25
ਨਵੰਬਰ
2017

ਇਹ ਤੁਸੀਂ ਆਸਟ੍ਰੇਲੀਆ ਦੀ ਕਿਸੇ ਵੀ ਸਥਾਨਿਕ ਅਦਾਲਤ ਵਿੱਚ ਅਰਜ਼ੀ ਦੇ ਕੇ ਕਰ ਸਕਦੇ ਹੋ। ਇਹ ਜ਼ਰੂਰੀ ਨਹੀਂ ਕਿ ਇਹ ਅਦਾਲਤ ਉਸੇ ਸੂਬੇ ਜਾਂ ਪਰਦੇਸ਼ ਵਿੱਚ ਹੋਵੇ ਜਿੱਥੋਂ ਤੁਹਾਡੇ ਆਦੇਸ਼ ਜਾਰੀ ਹੋਏ ਸਨ।

ਜੇ ਤੁਸੀਂ ਆਸਟ੍ਰੇਲੀਆ ਦੇ ਕਿਸੇ ਦੂਸਰੇ ਸੂਬੇ ਜਾਂ ਪਰਦੇਸ਼ ਵਿੱਚ ਯਾਤਰਾ ਕਰਨ ਜਾਂ ਰਹਿਣ ਬਾਰੇ ਨਹੀਂ ਸੋਚ ਰਹੇ ਤਾਂ ਤੁਸੀਂ ਆਪਣੇ ਆਦੇਸ਼ ਦੇ ਐਲਾਨ ਨਾ ਕਰਵਾਉਣ ਬਾਰੇ ਵੀ ਚੁਣ ਸਕਦੇ ਹੋ। ਤੁਸੀਂ ਉਸ ਸੂਬੇ ਜਾਂ ਪਰਦੇਸ਼ ਵਿੱਚ ਲਗਾਤਾਰ ਸੁਰੱਖਿਅਤ ਰਹਿ ਸਕੋਗੇ ਜਿੱਥੋਂ ਡੀ ਵੀ ਓ ਜਾਰੀ ਹੋਏ ਸਨ।

**ਅੱਜ ਤੋਂ ਜਾਂ ਬਾਅਦ ਵਿੱਚ ਜਾਰੀ ਡੀ ਵੀ ਓ ਵਾਸਤੇ:** ਤੁਹਾਡਾ ਡੀ ਵੀ ਓ ਆਪਣੇ ਆਪ ਦੇਸ਼ ਭਰ ਵਿੱਚ ਮੰਨਿਆ ਜਾਏਗਾ ਅਤੇ ਤੁਹਾਨੂੰ ਕੋਈ ਹੋਰ ਕਾਰਵਾਈ ਕਰਨ ਦੀ ਲੋੜ ਨਹੀਂ ਹੈ।

25
ਨਵੰਬਰ
2017

# ਹੋਰ ਜਾਣਕਾਰੀ

ਜੇ ਤੁਹਾਨੂੰ ਪੱਕਾ ਨਹੀਂ ਹੈ ਕਿ ਤੁਹਾਡੇ ਦੁਆਰਾ ਹੋਰ ਕਾਰਵਾਈ ਕਰਨ ਦੀ ਲੋੜ ਹੈ, ਜਾਂ ਤੁਹਾਡੇ ਹੋਰ ਸਵਾਲ ਹਨ, ਆਪਣੇ ਸੂਬੇ ਜਾਂ ਪਰਦੇਸ਼ ਨਾਲ ਸਬੰਧਿਤ ਜਾਣਕਾਰੀ ਲਈ **www.ag.gov.au/ndvos** ਉਪਰ ਜਾਓ ਜਾਂ ਸਥਾਨਿਕ ਅਦਾਲਤ ਨਾਲ ਸੰਪਰਕ ਕਰੋ।

ਇਹ ਜਾਨਣਾ ਮਹੱਤਵਪੂਰਣ ਹੈ ਕਿ ਵਿਕਟੋਰੀਆ ਵਿੱਚ ਪਰਵਾਰਿਕ ਹਿੰਸਾ ਦੇ ਸਾਰੇ ਚਲੰਤ ਆਦੇਸ਼ ਜੋ ਕਿ 25 ਨਵੰਬਰ 2017 ਤੋਂ ਪਹਿਲਾਂ ਜਾਰੀ ਹੋਏ ਸਨ ਆਪਣੇ ਆਪ ਨੈਸ਼ਨਲ ਡੋਮੈਸਟਿਕ ਵਾਇਲੈਂਸ ਆਰਡਰ ਸਕੀਮ ਦੇ ਅਧੀਨ ਮੰਨੇ ਜਾਣਗੇ।

Initiative of

ACT Government · NSW Government · Northern Territory Government · Queensland Government · Government of South Australia · Tasmanian Government · Victoria State Government · Government of Western Australia

Australian Government

**www.ag.gov.au/ndvos**

# ਦੇਸ਼ ਭਰ ਵਿੱਚ ਲਾਗੂ

ਘਰੇਲੂ ਹਿੰਸਾ ਦੇ ਆਦੇਸ਼

## ਦੇਸ਼ ਭਰ ਦੀ ਘਰੇਲੂ ਹਿੰਸਾ ਦੇ ਆਦੇਸ਼ਾਂ ਦੀ ਸਕੀਮ ਲਾਗੂ ਕਰ ਦਿੱਤੀ ਗਈ ਹੈ

ਪੰਜਾਬੀ / Punjabi

National Enforcement of Domestic Violence Orders

**www.ag.gov.au/ndvos**

# ਦੇਸ਼ ਭਰ ਵਿੱਚ ਲਾਗੂ

ਘਰੇਲੂ ਹਿੰਸਾ ਦੇ ਆਦੇਸ਼

## ਪਿਛੋਕੜ

ਪਰਵਾਰਿਕ ਅਤੇ ਘਰੇਲੂ ਹਿੰਸਾ ਮਨਜ਼ੂਰ ਨਹੀਂ ਹੈ। ਹਿੰਸਾ ਦੇ ਸ਼ਿਕਾਰ ਦੀ ਸੁਰੱਖਿਆ ਅਹਿਮ ਹੈ।

ਘਰੇਲੂ ਹਿੰਸਾ ਦੇ ਸ਼ਿਕਾਰ ਲੋਕਾਂ ਦੀ ਸੁਰੱਖਿਆ ਨੂੰ ਵਧਾਉਣ ਲਈ ਦੇਸ਼ ਭਰ ਵਿੱਚ ਨਵੇਂ ਕਾਨੂੰਨ ਲਾਗੂ ਕੀਤੇ ਗਏ ਹਨ।

ਪਿਛਲੇ ਸਮੇਂ ਦੌਰਾਨ, ਘਰੇਲੂ ਹਿੰਸਾ ਦੇ ਆਦੇਸ਼ (ਡੀ ਵੀ ਓ) ਸਿਰਫ ਉਸੇ ਹੀ ਸੂਬੇ ਜਾਂ ਪਰਦੇਸ਼ ਵਿੱਚ ਹੀ ਲਾਗੂ ਹੁੰਦੇ ਸਨ ਜਿੱਥੋਂ ਇਹ ਜਾਰੀ ਹੋਏ ਜਾਂ ਦਰਜ ਹੋਏ ਸਨ।

ਹੁਣ ਇਹ ਬਦਲ ਚੁੱਕਾ ਹੈ।

25 ਨਵੰਬਰ 2017 ਨੂੰ, ਦੇਸ਼ ਭਰ ਵਿੱਚ ਘਰੇਲੂ ਹਿੰਸਾ ਦੇ ਆਦੇਸ਼ਾਂ ਦੀ ਸਕੀਮ ਸ਼ੁਰੂ ਹੋ ਗਈ ਹੈ। 25 ਨਵੰਬਰ 2017 ਤੋਂ ਬਾਅਦ ਜਾਰੀ ਹੋਣ ਵਾਲੇ ਸਾਰੇ ਡੀ ਵੀ ਓ ਆਪਣੇ ਆਪ ਦੇਸ਼ ਭਰ ਵਿੱਚ ਮੰਨੇ ਜਾਣਗੇ ਅਤੇ ਲਾਗੂ ਕੀਤੇ ਜਾ ਸਕਦੇ ਹਨ।

## ਹਿੰਸਾ ਦੇ ਸ਼ਿਕਾਰਾਂ ਨੂੰ ਬਚਾਉਣਾ

ਨੈਸ਼ਨਲ ਪਰਵਾਰਿਕ ਹਿੰਸਾ ਦੇ ਆਦੇਸ਼ਾਂ ਦੀ ਸਕੀਮ ਹਿੰਸਾ ਦੇ ਸ਼ਿਕਾਰ ਅਤੇ ਉਹਨਾਂ ਦੇ ਪਰਵਾਰਾਂ ਦੇ ਬਚਾਅ ਨੂੰ ਮਜ਼ਬੂਤ ਕਰਦੀ ਹੈ।

ਇਸ ਨੂੰ ਲਾਗੂ ਕਰਵਾਉਣ ਲਈ ਤੁਹਾਨੂੰ ਆਸਟ੍ਰੇਲੀਆ ਦੇ ਕਿਸੇ ਹੋਰ ਦੂਸਰੇ ਸੂਬੇ ਜਾਂ ਪਰਦੇਸ਼ ਵਿੱਚ ਮਾਨਤਾ ਲਈ ਹੋਰ ਅਰਜ਼ੀ ਦੇਣ ਦੀ ਲੋਣ ਨਹੀਂ ਹੈ।

ਜੇਕਰ ਤੁਹਾਡਾ ਚਲੰਤ ਡੀ ਵੀ ਓ 25 ਨਵੰਬਰ 2017 ਤੋਂ ਪਹਿਲਾਂ ਜਾਰੀ ਹੋਇਆ ਸੀ ਤਾਂ ਅਦਾਲਤ ਵਿੱਚ ਅਰਜ਼ੀ ਦੇਣ ਨਾਲ ਇਹ ਸਾਰੇ ਦੇਸ਼ ਵਿੱਚ ਮੰਨਿਆ ਜਾਵੇਗਾ।

ਆਸਟ੍ਰੇਲੀਆ ਭਰ ਦੀਆਂ ਸਥਾਨਿਕ ਅਦਾਲਤਾਂ ਦੇਸ਼ ਭਰ ਵਿੱਚ ਮਾਨਤਾ ਪ੍ਰਾਪਤ ਡੀ ਵੀ ਓ ਨੂੰ ਬਦਲ ਸਕਦੀਆਂ ਹਨ ਭਾਂਵੇਂ ਇਹ ਕਿਤੋਂ ਵੀ ਜਾਰੀ ਹੋਇਆ ਹੋਵੇ।

ਸਥਾਨਿਕ ਪੁਲੀਸ ਆਪਣੇ ਸੂਬੇ ਜਾਂ ਪਰਦੇਸ਼ ਵਿੱਚੋਂ ਜਾਰੀ ਹੋਏ ਡੀ ਸਾਰੇ ਵੀਓਨੂੰ ਲਾਗੂ ਕਰਵਾਏਗੀ, ਭਾਂਵੇਂ ਇਹ ਜਦੋਂ ਮਰਜ਼ੀ ਜਾਰੀ ਹੋਏ ਹੋਣ।

ਘ ਰੇਲੂ ਹਿੰਸਾ ਦੇ ਸ਼ਿਕਾਰ ਲੋਕਾਂ ਅਤੇ ਪਰਵਾਰ ਦੇ ਪ੍ਰਭਾਵਿਤ ਜੀਆਂ ਦੇ ਬਚਾਅ ਵਾਲੇ ਸੂਬਿਆਂ ਅਤੇ ਪਰਦੇਸ਼ਾਂ
ਦੇਮੌਜੂਦਾ ਕਨੂੰਨ ਨਹੀਂ ਬਦਲੇ ਹਨ।

## ਡੀ ਵੀ ਓ ਨੂੰ ਲਾਗੂ ਕਰਨਾ

ਜੇਕਰ ਤੁਸੀਂ ਡੀ ਵੀ ਓ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦੇ ਤਾਂ ਇਹ ਇਕ ਅਪਰਾਧਿਕ ਜੁਰਮ ਹੈ।

ਹੁਣ ਡੀ ਵੀ ਓ ਸੂਬੇ ਜਾਂ ਪਰਦੇਸ਼ ਦੀਆਂ ਹੱਦਾਂ ਕਰਕੇ ਸੀਮਿਤ ਨਹੀਂ ਹੁੰਦੇ ਹਨ। ਜਾਰੀ ਹੋਏ ਸਾਰੇ ਡੀ ਵੀ ਓ ਪੂਰੇ ਆਸਟ੍ਰੇਲੀਆ ਵਿੱਚ ਲਾਗੂ ਹੋਣਗੇ।

---

ਤੁਹਾਡੇ ਸੂਬੇ ਜਾਂ ਪਰਦੇਸ਼ ਵਿੱਚ ਡੀ ਵੀ ਓ ਨੂੰ ਦਖਲ ਦਾ ਆਦੇਸ਼, ਪਰਵਾਰਕ ਹਿੰਸਾ ਆਦੇਸ਼, ਘਰੇਲੂ ਹਿੰਸਾ ਦਾ ਗਿਰਫਤਾਰੀ ਆਦੇਸ਼ ਜਾਂ ਸੁਰੱਖਿਆ ਦੇ ਆਦੇਸ਼ ਵੀ ਕਿਹਾ ਜਾ ਸਕਦਾ ਹੈ।

---




ਅਸੀਂ ਹੁਣ ਆਸਟ੍ਰੇਲੀਆ ਦੇ ਵਾਸੀਆਂ
ਦਾ ਵਧੀਆ ਤਰੀਕੇ ਨਾਲ ਬਚਾਅ ਕਰ ਸਕਦੇ ਹਾਂ
**www.ag.gov.au/ndvos**